Taxi & Limousine Commission

# ਕੋਵਿਡ-19 (COVID-19) ਦੇ ਦੌਰਾਨ ਕੰਮ ਦੇ ਅਵਸਰ

## TLC ਡ੍ਰਾਈਵਰ ਭੋਜਨ ਡਿਲੀਵਰੀ

ਸ਼ਹਿਰ ਨੇ **GetFoodNYC ਭੋਜਨ ਡਿਲੀਵਰੀ ਪ੍ਰੋਗਰਾਮ** ਦਾ ਨਿਰਮਾਣ ਕੀਤਾ ਹੈ ਤਾਂਕਿ ਕੋਰੋਨਾਵਾਇਰਸ ਕੋਵਿਡ-19 (COVID-19) ਤੋਂ ਪ੍ਰਭਾਵਿਤ ਅਤੇ ਭੋਜਨ ਲਈ ਅਸੁਰੱਖਿਅਤ ਉਨ੍ਹਾਂ ਨਿਊਯਾਰਕ ਵਾਸੀਆਂ ਨੂੰ ਭੋਜਨ ਮੁਹੱਈਆ ਕੀਤਾ ਜਾ ਸਕੇ ਜਿਨ੍ਹਾਂ ਨੂੰ ਇਸ ਸਮੇਂ ਮੌਜੂਦਾ ਭੋਜਨ ਡਿਲੀਵਰੀ ਪ੍ਰੋਗਰਾਮਾਂ ਰਾਹੀਂ ਭੋਜਨ ਨਹੀਂ ਭੇਜਿਆ ਜਾ ਰਿਹਾ।

ਅਸੀਂ TLC-ਲਸੰਸਧਾਰਕ ਡ੍ਰਾਈਵਰਾਂ ਨੂੰ ਅਜਿਹੇ ਨਿਊਯਾਰਕ ਵਾਸੀਆਂ ਨੂੰ ਭੋਜਨ ਡਿਲੀਵਰ ਕਰਨ ਵਿੱਚ ਮਦਦ ਕਰਕੇ, ਜਿਨ੍ਹਾਂ ਲਈ ਘਰ ਵਿੱਚ ਰਹਿਣਾ ਲਾਜ਼ਮੀ ਹੈ, ਇਸ ਮਹੱਤਵਪੂਰਨ ਕੰਮ ਵਿੱਚ ਭਾਗ ਲੈਣ ਲਈ ਆਖ ਰਹੇ ਹਾਂ।

TLC ਡ੍ਰਾਈਵਰ ਭੋਜਨ ਡਿਲੀਵਰ ਪੰਨਾ ਦੇਖੋ।

## ਐਸਬੀਐਸ ਕਰਮਚਾਰੀ-ਵਰਗ1

ਛੋਟਾ ਕਾਰੋਬਾਰ ਸੇਵਾਵਾਂ (SBS) ਕਰਮਚਾਰੀ-ਵਰਗ1 ਪ੍ਰੋਗਰਾਮ, ਨਿਊ ਯਾਰਕ ਵਾਸੀਆਂ ਦੀ ਪੰਜ ਬੋਰ੍ਹੋਆਂ ਦੇ ਹਰੇਕ ਖੇਤਰ ਵਿੱਚ ਨੌਕਰੀਆਂ ਲਈ ਤਿਆਰੀ ਕਰਨ ਅਤੇ ਇਹਨਾਂ ਨਾਲ ਜੁੜਣ ਵਿੱਚ ਮਦਦ ਕਰਦਾ ਹੈ। ਉਨ੍ਹਾਂ ਦੇ ਵਰਚੁਅਲ ਕਰੀਅਰ ਸੈਂਟਰ ਸਿਸਟਮ ਰਾਹੀਂ, ਤੁਹਾਨੂੰ ਉਨ੍ਹਾਂ ਪੇਸ਼ੇਵਰਾਂ ਦੇ ਨਾਲ ਆਮ੍ਹਣੇ-ਸਾਮ੍ਹਣੇ ਸਹਾਇਤਾ ਪ੍ਰਾਪਤ ਕਰਨ ਲਈ ਵੈੱਬ ਜਾਂ ਫ਼ੋਨ ਰਾਹੀਂ ਕਨੈਕਟ ਕੀਤਾ ਜਾ ਸਕਦਾ ਹੈ ਜੋ ਤੁਹਾਡੀ ਨਿਮਨਲਿਖਤ ਵਿੱਚ ਮਦਦ ਕਰ ਸਕਦੇ ਹਨ:

- ਅਜਿਹੀਆਂ ਨੌਕਰੀਆਂ ਦਾ ਪਤਾ ਲਗਾਉਣ ਲਈ ਜੋ ਤੁਹਾਡੇ ਤਜ਼ਰਬੇ ਅਤੇ ਹੁਨਰ ਦੇ ਮੁਤਾਬਕ ਢੁਕਵੀਆਂ ਹਨ
- ਇੰਟਰਵਿਊ ਦੀ ਤਿਆਰੀ ਕਰਨ ਲਈ
- ਨੌਕਰੀ ਦੀ ਮੁਫ਼ਤ ਸਿਖਲਾਈ ਤਕ ਪਹੁੰਚ ਦੇਣ ਲਈ

**ਸਾਰੀਆਂ ਸੇਵਾਵਾਂ ਮੁਫ਼ਤ ਹਨ ਅਤੇ ਇਨ੍ਹਾਂ ਲਈ ਵਿਅਕਤੀਗਤ ਮੁਲਾਕਾਤਾਂ ਦੀ ਲੋੜ ਨਹੀਂ ਹੈ।**ਵਧੇਰੇ ਜਾਣਕਾਰੀ ਜਾਂ ਸਾਈਨ ਅੱਪ ਕਰਨ ਲਈ, ਇੱਥੇ ਜਾਓ https://www1.nyc.gov/site/sbs/careers/virtual-wf1cc.page